# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times   18 ਸਤੰਬਰ 2026 ਦਿਨ ਸ਼ੁੱਕਰਵਾਰ   ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਗਿਆਨੀ ਕੇਵਲ ਸਿੰਘ ਨਿਰਦੋਸ਼ ਦੀ 38ਵੀਂ ਪੁਸਤਕ 'ਕੁੰਡਲੀਏ ਨਿਰਦੋਸ਼ ਦੇ' ਲੋਕ ਅਰਪਣ

### ਫਰੇਜ਼ਰ ਵੈਲੀ ਦੀਆਂ ਸਾਹਿਤਕ ਸੰਸਥਾਵਾਂ ਵੱਲੋਂ ਜੀਵਨ ਭਰ ਦੀਆਂ ਸਾਹਿਤਕ ਤੇ ਪੰਥਕ ਸੇਵਾਵਾਂ ਲਈ ਸਨਮਾਨ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਐਬਸਫੋਰਡ 18 ਸਤੰਬਰ : ਪ੍ਰਸਿੱਧ ਸਿੱਖ ਵਿਦਵਾਨ, ਕਵੀ, ਇਤਿਹਾਸਕਾਰ ਅਤੇ ਖੋਜੀ ਸਾਹਿਤਕਾਰ ਗਿਆਨੀ ਕੇਵਲ ਸਿੰਘ ਨਿਰਦੋਸ਼ ਦੀ 38ਵੀਂ ਪੁਸਤਕ 'ਕੁੰਡਲੀਏ ਨਿਰਦੋਸ਼ ਦੇ' ਦਾ ਲੋਕ ਅਰਪਣ ਸਮਾਗਮ ਐਬਸਫੋਰਡ ਦੀਆਂ ਸਮੂਹ ਪੰਜਾਬੀ ਸਾਹਿਤਕ ਸੰਸਥਾਵਾਂ ਵੱਲੋਂ ਸਾਂਝੇ ਤੌਰ 'ਤੇ ਵਿਰਾਸਤੀ ਗੁਰਦੁਆਰਾ ਸਾਹਿਬ ਖ਼ਾਲਸਾ ਦੀਵਾਨ ਸੁਸਾਇਟੀ ਵਿਖੇ ਕਰਵਾਇਆ ਗਿਆ। ਸਾਹਿਤਕ ਵਿਚਾਰਾਂ, ਕਾਵਿ-ਗਾਇਨ ਅਤੇ ਸਨਮਾਨ ਦੀਆਂ ਭਾਵਨਾਵਾਂ ਨਾਲ ਭਰਪੂਰ ਇਹ ਸਮਾਗਮ ਉਸ ਵੇਲੇ ਵਿਸ਼ੇਸ਼ ਯਾਦਗਾਰੀ ਬਣ ਗਿਆ, ਜਦੋਂ ਫਰੇਜ਼ਰ ਵੈਲੀ ਦੀਆਂ ਸਾਹਿਤਕ ਸੰਸਥਾਵਾਂ ਵੱਲੋਂ 86 ਸਾਲਾ ਗਿਆਨੀ ਨਿਰਦੋਸ਼ ਨੂੰ ਉਨ੍ਹਾਂ ਦੀਆਂ ਲੰਬੇ ਸਮੇਂ ਦੀਆਂ ਸਾਹਿਤਕ ਅਤੇ ਪੰਥਕ ਸੇਵਾਵਾਂ ਲਈ 'ਲਾਈਫ਼ ਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ।





ਇਸ ਮੌਕੇ ਗਿਆਨੀ ਕੇਵਲ ਸਿੰਘ ਨਿਰਦੋਸ਼ ਨੇ ਆਪਣੇ ਜੀਵਨ ਅਤੇ ਸਾਹਿਤਕ ਸਫ਼ਰ ਨਾਲ ਜੁੜੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਜੀਵਨ ਦੀਆਂ ਔਕੜਾਂ ਸਿਰਜਣਾਤਮਕਤਾ ਦੇ ਰਾਹ ਵਿੱਚ ਰੁਕਾਵਟ ਨਹੀਂ ਬਣਨੀਆਂ ਚਾਹੀਦੀਆਂ। ਕੈਂਸਰ ਦੀ ਨਾਮੁਰਾਦ ਬਿਮਾਰੀ ਦੇ ਬਾਵਜੂਦ ਚੜ੍ਹਦੀ ਕਲਾ ਵਿੱਚ ਸਾਹਿਤ ਸਿਰਜਦੇ ਰਹਿਣ ਦੀ ਉਨ੍ਹਾਂ ਦੀ ਦ੍ਰਿੜਤਾ ਨੇ ਹਾਜ਼ਰ ਸਰੋਤਿਆਂ ਨੂੰ ਪ੍ਰਭਾਵਿਤ ਕੀਤਾ। ਸਨਮਾਨ ਲਈ ਧੰਨਵਾਦ ਕਰਦਿਆਂ ਉਨ੍ਹਾਂ ਫਰੇਜ਼ਰ ਵੈਲੀ ਦੀਆਂ ਵੱਖ-ਵੱਖ ਸਾਹਿਤਕ ਸੰਸਥਾਵਾਂ ਨੂੰ ਆਪਸੀ ਸਹਿਯੋਗ ਨਾਲ ਇੱਕ ਸਾਂਝੀ ਸਾਹਿਤ ਸਭਾ ਦੇ ਰੂਪ ਵਿੱਚ ਇਕੱਠੇ ਹੋ ਕੇ ਕੰਮ ਕਰਨ ਦਾ ਸੱਦਾ ਵੀ ਦਿੱਤਾ, ਜਿਸ ਦਾ ਹਾਜ਼ਰੀਨ ਵੱਲੋਂ ਹੁੰਗਾਰਾ ਭਰਿਆ ਗਿਆ।

ਪੁਸਤਕ ਬਾਰੇ ਵਿਚਾਰ ਪੇਸ਼ ਕਰਦਿਆਂ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ 'ਕੁੰਡਲੀਏ ਨਿਰਦੋਸ਼ ਦੇ' ਪੰਜਾਬੀ ਕਾਵਿ-ਪਰੰਪਰਾ ਵਿੱਚ ਹੌਲੀ-ਹੌਲੀ ਅਲੋਪ ਹੋ ਰਹੇ 'ਕੁੰਡਲੀਆ' ਮਾਤਰਿਕ ਛੰਦ ਨੂੰ ਮੁੜ ਸੁਰਜੀਤ ਕਰਨ ਵੱਲ ਇੱਕ ਮਹੱਤਵਪੂਰਨ ਯਤਨ ਹੈ। ਉਨ੍ਹਾਂ ਪੁਸਤਕ ਦੀ ਵਿਸ਼ਾ-ਵਸਤੂ, ਕਾਵਿ-ਸ਼ੈਲੀ ਅਤੇ ਰਚਨਾਤਮਕ ਪੱਖਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਅਤੇ ਇਸ ਨੂੰ ਲੇਖਕ ਦੀ ਲੰਮੀ ਸਾਹਿਤਕ ਸਾਧਨਾ ਦਾ ਇੱਕ ਹੋਰ ਮਹੱਤਵਪੂਰਨ ਪੜਾਅ ਦੱਸਿਆ।

ਸਾਹਿਤ ਦੇ ਸਰਪ੍ਰਸਤ ਗੁਰਬਖਸ਼ ਸਿੰਘ ਢੱਟ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਬੀਬੀ ਸਤਵੰਤ ਕੌਰ ਪੰਧੇਰ ਨੇ ਗਿਆਨੀ ਨਿਰਦੋਸ਼ ਦੀ ਸ਼ਖ਼ਸੀਅਤ ਬਾਰੇ ਭਾਵਪੂਰਤ ਵਿਚਾਰ ਸਾਂਝੇ ਕੀਤੇ, ਜਦਕਿ ਉੱਘੀ ਨਾਵਲਕਾਰ ਹਰਕੀਰਤ ਕੌਰ ਚਾਹਲ ਨੇ ਉਨ੍ਹਾਂ ਦੀ ਇਤਿਹਾਸਕਾਰ, ਸੰਗੀਤਕਾਰ, ਕਵੀ ਅਤੇ ਖੋਜੀ ਵਿਦਵਾਨ ਵਜੋਂ ਬਹੁਪੱਖੀ ਦੇਣ ਨੂੰ ਰੇਖਾਂਕਿਤ ਕੀਤਾ। ਲੇਖਕ ਨੂੰ ਬੁੱਕੇ ਭੇਟ ਕਰਨ ਦੀ ਰਸਮ ਤਰਲੋਕ ਸਿੰਘ ਬਰਾੜ, ਐਡਵੋਕੇਟ ਅਮਨ ਚੀਮਾ ਅਤੇ ਪਰਿਵਾਰਕ ਮੈਂਬਰਾਂ ਵੱਲੋਂ ਨਿਭਾਈ ਗਈ।

ਸਮਾਗਮ ਦੇ ਕਾਵਿ-ਪੱਖ ਨੂੰ ਢਾਡੀ ਸੁਰਜੀਤ ਸਿੰਘ ਸਫ਼ਰੀ ਅਤੇ ਚਮਕੌਰ ਸਿੰਘ ਸੇਖੋਂ ਭੋਤਨਾ ਨੇ ਗਿਆਨੀ ਨਿਰਦੋਸ਼ ਦੀਆਂ ਕੁੰਡਲੀਆਂ ਨੂੰ ਢਾਡੀ ਅੰਦਾਜ਼ ਵਿੱਚ ਗਾ ਕੇ ਪ੍ਰਭਾਵਸ਼ਾਲੀ ਬਣਾਇਆ। ਗੁਰਮੇਲ ਸਿੰਘ ਕਟਾਰੀਆ ਨੇ ਉਨ੍ਹਾਂ ਦੀ ਕਵਿਤਾ 'ਪਾਣੀ ਵਿੱਚ ਮਧਾਣੀ' ਦਾ ਗਾਇਨ ਕੀਤਾ, ਜਦਕਿ ਸੁਖਮੰਦਰ ਸਿੰਘ ਬਰਾੜ ਭਗਤਾ ਭਾਈ ਕਾ ਅਤੇ ਮੁਲਖ ਰਾਜ ਬਜਾਜ 'ਪ੍ਰੇਮੀ' ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ।

ਸਮਾਗਮ ਵਿੱਚ ਲਖਬੀਰ ਸਿੰਘ, ਪਵਨ ਗਿੱਲਾਂ ਵਾਲਾ, ਗੁਰਦੇਵ ਸਿੰਘ ਬਰਾੜ, ਗੁਰਪ੍ਰੀਤ ਸਿੰਘ ਚਾਹਲ, ਸੁਰਜੀਤ ਸਿੰਘ ਅੱਚਰਵਾਲ, ਸੁਰਜੀਤ ਸਿੰਘ ਸਹੋਤਾ, ਦਵਿੰਦਰ ਸਿੰਘ ਪੂਨੀਆ, ਮਹਿਮਾ ਸਿੰਘ ਤੂਰ, ਹਰੀ ਸਿੰਘ ਤਾਤਲਾ, ਮਲਕੀਤ ਸਿੰਘ ਮੀਲੂ, ਗੁਰਦੇਵ ਸਿੰਘ ਬੁੱਟਰ, ਲਖਜੀਤ ਸਿੰਘ ਸਾਰੰਗ, ਸੁਖਵਿੰਦਰ ਸਿੰਘ ਚੋਹਲਾ, ਬਲਵਿੰਦਰ ਸਿੰਘ ਰੁਪਾਲ, ਸੁਖਦੇਵ ਸਿੰਘ ਗੋਹਲਵੜ, ਕਿਰਪਾਲ ਸਿੰਘ ਗਰਚਾ ਅਤੇ ਸੁਖਦੇਵ ਸਿੰਘ ਗਰਚਾ ਸਮੇਤ ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀ ਹਾਜ਼ਰ ਸਨ। ਸਮਾਗਮ ਦਾ ਸੰਚਾਲਨ ਡਾ. ਸੁਰਿੰਦਰਜੀਤ ਸਿੰਘ ਭੇਲਾ ਨੇ ਸੁਚੱਜੇ ਢੰਗ ਨਾਲ ਕੀਤਾ।

## ਪੀਏਯੂ ਵਿਦਿਆਰਥੀ ਬੈਗ ਸ਼੍ਰੀਮਤੀ ਬੈਕਟਰਜ਼ ਫੂਡ ਸਪੈਸ਼ਲਿਟੀਜ਼ ਵਿੱਚ ਪ੍ਰਬੰਧਕੀ ਭੂਮਿਕਾ ਨਿਭਾਉਂਦੇ ਹਨ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 18 ਸਤੰਬਰ : ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ) ਦੇ ਜੰਗਲਾਤ ਅਤੇ ਕੁਦਰਤੀ ਸਰੋਤ ਵਿਭਾਗ ਦੇ ਵਿਦਿਆਰਥੀ ਹਰਮਨ ਧੰਜੂ ਨੂੰ ਸ਼੍ਰੀਮਤੀ ਬੈਕਟਰਜ਼ ਫੂਡ ਸਪੈਸ਼ਲਿਟੀਜ਼ ਲਿਮਟਿਡ ਦੇ ਨਾਲ ਸਾਈਟ ਓਪਰੇਸ਼ਨ ਮੈਨੇਜਰ ਵਜੋਂ ਚੁਣਿਆ ਗਿਆ ਹੈ, ਜੋ ਕਿ ਯੂਨੀਵਰਸਿਟੀ ਕਾਉਂਸਲਿੰਗ ਅਤੇ ਪਲੇਸਮੈਂਟ ਗਾਈਡੈਂਸ ਸੈੱਲ ਦੁਆਰਾ ਸੁਵਿਧਾਜਨਕ ਇੱਕ ਹੋਰ ਉਦਯੋਗ ਪਲੇਸਮੈਂਟ ਹੈ।

ਵੇਰਵੇ ਸਾਂਝੇ ਕਰਦੇ ਹੋਏ, ਸੈੱਲ ਦੇ ਇੰਚਾਰਜ ਡਾ. ਸੰਦੀਪ ਜੈਨ ਨੇ ਕਿਹਾ ਕਿ ਧੰਜੂ ਨੇ ਕੰਪਨੀ ਦੀ ਅਰਜ਼ੀ ਅਤੇ ਇੰਟਰਵਿਊ ਪ੍ਰਕਿਰਿਆ ਨੂੰ ਸਫਲਤਾਪੂਰਵਕ ਪੂਰਾ ਕਰਨ ਤੋਂ ਬਾਅਦ ਇਹ ਅਹੁਦਾ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਚੋਣ ਪੀਏਯੂ ਦੇ ਵਿਦਿਆਰਥੀਆਂ ਦੀ ਪੇਸ਼ੇਵਰ ਤਿਆਰੀ ਨੂੰ ਦਰਸਾਉਂਦੀ ਹੈ ਜਦੋਂ ਕਿ ਪ੍ਰਬੰਧਕੀ ਅਤੇ ਕਾਰਪੋਰੇਟ ਭੂਮਿਕਾਵਾਂ ਵਿੱਚ ਖੇਤੀਬਾੜੀ ਗ੍ਰੈਜੂਏਟਾਂ ਲਈ ਵਧ ਰਹੇ ਮੌਕਿਆਂ ਵੱਲ ਇਸ਼ਾਰਾ ਕਰਦੀ ਹੈ।

ਵਿਦਿਆਰਥੀ ਨੂੰ ਵਧਾਈ ਦਿੰਦੇ ਹੋਏ, ਪੀਏਯੂ ਦੇ ਵਾਈਸ-ਚਾਂਸਲਰ ਅਤੇ ਰਜਿਸਟਰਾਰ ਸ਼੍ਰੀ ਸੁਖਜੀਤ ਪਾਲ ਸਿੰਘ ਨੇ ਨਾਮਵਰ ਸੰਸਥਾਵਾਂ ਨਾਲ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਵਿਦਿਆਰਥੀਆਂ ਲਈ ਅਰਥਪੂਰਨ ਕਰੀਅਰ ਦੇ ਮੌਕੇ ਪੈਦਾ ਕਰਨ ਲਈ ਪਲੇਸਮੈਂਟ ਸੈੱਲ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਪਲੇਸਮੈਂਟਾਂ ਪੀਏਯੂ ਗ੍ਰੈਜੂਏਟਾਂ ਵਿੱਚ ਉਦਯੋਗ ਦੇ ਵਿਸ਼ਵਾਸ ਨੂੰ ਦਰਸਾਉਂਦੀਆਂ ਹਨ।

ਡਾ. ਕਮਲਜੀਤ ਸਿੰਘ ਸੂਰੀ, ਨਿਰਦੇਸ਼ਕ ਵਿਦਿਆਰਥੀ ਭਲਾਈ, ਨੇ ਵੀ ਧੰਜੂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਪੇਸ਼ੇਵਰ ਹੁਨਰ, ਵਿਹਾਰਕ ਅਨੁਭਵ ਅਤੇ ਵਿਭਿੰਨ ਕਰੀਅਰ ਮਾਰਗਾਂ ਲਈ ਆਤਮਵਿਸ਼ਵਾਸ ਨਾਲ ਲੈਸ ਕਰਨ ਲਈ ਪੀਏਯੂ ਦੀ ਵਚਨਬੱਧਤਾ ਨੂੰ ਦੁਹਰਾਇਆ।

## ਜ਼ਿਲ੍ਹਾ ਰੋਜ਼ਗਾਰ ਬਿਊਰੋ ਪਟਿਆਲਾ ਵਿਖੇ 21 ਸਤੰਬਰ ਨੂੰ ਪਲੇਸਮੈਂਟ ਕੈਂਪ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ, 18 ਸਤੰਬਰ : ਡਿਪਟੀ ਡਾਇਰੈਕਟਰ, ਜਿਲ੍ਹਾ ਬਿਊਰੋ ਆਫ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਪਟਿਆਲਾ ਸ਼੍ਰੀ ਰਵਿੰਦਰਪਾਲ ਸਿੰਘ ਨੇ ਦਸਿਆ ਕਿ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਪਟਿਆਲਾ ਵਿਖੇ 21ਸਤੰਬਰ ਨੂੰ ਐਸ.ਕੇ. ਟ੍ਰਾਂਸਲੂਸ਼ਨ ਐਲ.ਐਲ.ਪੀ., ਮੋਰ ਰਿਟੇਲ ਪ੍ਰਾਈਵੇਟ ਲਿਮਟਿਡ, ਡੀ.ਐਸ.ਜੀ. ਪੇਪਰਜ਼ ਪ੍ਰਾਈਵੇਟ ਲਿਮਟਿਡ, ਫਲਿੱਪਕਾਰਟ ਅਤੇ ਰੀਅਲ ਟੈਕ ਦਾ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਉਹਨਾ ਦਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਪਟਿਆਲਾ ਵਿਖੇ ਮਿਤੀ 21-09-2026 ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਐਸ.ਕੇ. ਟ੍ਰਾਂਸਲੂਸ਼ਨ ਐਲ.ਐਲ.ਪੀ., ਮੋਰ ਰਿਟੇਲ ਪ੍ਰਾਈਵੇਟ ਲਿਮਟਿਡ, ਡੀ.ਐਸ.ਜੀ. ਪੇਪਰਜ਼ ਪ੍ਰਾਈਵੇਟ ਲਿਮਟਿਡ, ਫਲਿੱਪਕਾਰਟ ਅਤੇ ਰੀਅਲ ਟੈਕ ਦੇ ਨਿਯੋਜਕਾਂ ਵਲੋ ਅਕਾਊਂਟੈਂਟ ਐਚ.ਆਰ., ਦਫ਼ਤਰ ਮੈਨੇਜਰ, ਗਾਹਕ ਸੇਵਾ, ਸੀ.ਐਸ.ਏ. ਅਤੇ ਹੈਲਪਰ, ਫਿਟਰ, ਵੈਲਡਰ, ਇਲੈਕਟ੍ਰੀਸ਼ੀਅਨ, ਮਸ਼ੀਨਿਸਟ, ਇੰਸਟਰੂਮੈਂਟ ਟੈਕਨੀਸ਼ੀਅਨ, ਡਿਲਿਵਰੀ ਬੁਆਏ, ਸੀ.ਸੀ.ਟੀ.ਵੀ. ਕੈਮਰਾ ਟੈਕਨੀਸ਼ੀਅਨ ਦੀਆਂ ਅਸਾਮੀਆਂ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਸ਼੍ਰੀ ਰਵਿੰਦਰਪਾਲ ਸਿੰਘ ਡਿਪਟੀ ਡਾਇਰੈਕਟਰ, ਜਿਲ੍ਹਾ ਬਿਊਰੋ ਆਫ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਪਟਿਆਲਾ ਜੀ ਨੇ ਦੱਸਿਆ ਕਿ ਐਸ.ਕੇ. ਟ੍ਰਾਂਸਲੂਸ਼ਨ ਐਲ.ਐਲ.ਪੀ., ਮੋਰ ਰਿਟੇਲ ਪ੍ਰਾਈਵੇਟ ਲਿਮਟਿਡ, ਡੀ.ਐਸ.ਜੀ. ਪੇਪਰਜ਼ ਪ੍ਰਾਈਵੇਟ ਲਿਮਟਿਡ, ਫਲਿੱਪਕਾਰਟ ਅਤੇ ਰੀਅਲ ਟੈਕ ਦੇ ਨਿਯੋਜਕਾਂ ਵਲੋਂ ਦੀਆਂ ਅਕਾਊਂਟੈਂਟ ਐਚ.ਆਰ., ਦਫ਼ਤਰ ਮੈਨੇਜਰ, ਗਾਹਕ ਸੇਵਾ, ਸੀ.ਐਸ.ਏ. ਅਤੇ ਹੈਲਪਰ, ਫਿਟਰ, ਵੈਲਡਰ, ਇਲੈਕਟ੍ਰੀਸ਼ੀਅਨ, ਮਸ਼ੀਨਿਸਟ, ਇੰਸਟਰੂਮੈਂਟ ਟੈਕਨੀਸ਼ੀਅਨ, ਡਿਲਿਵਰੀ ਬੁਆਏ, ਸੀ.ਸੀ.ਟੀ.ਵੀ. ਕੈਮਰਾ ਟੈਕਨੀਸ਼ੀਅਨ ਨਾਲ ਸਬੰਧਤ ਲਗਭਗ 100 ਅਸਾਮੀਆਂ ਦੀ ਭਰਤੀ ਕੀਤੀ ਜਾਣੀ ਹੈ। ਜਿਨ੍ਹਾਂ ਲਈ ਵਿੱਦਿਅਕ ਯੋਗਤਾ 10ਵੀਂ, 12ਵੀਂ, ਆਈ.ਟੀ.ਆਈ./ਡਿਪਲੋਮਾ, ਗ੍ਰੈਜੂਏਟ, ਪੋਸਟ ਗ੍ਰੈਜੂਏਟ ਅਤੇ ਉਮਰ 18 ਤੋਂ 35 ਸਾਲ ਅਤੇ ਮਰਦ ਅਤੇ ਔਰਤ ਦੋਵੇਂ ਇੰਟਰਵਿਊ ਦੇ ਸਕਦੇ ਹਨ।

ਓਹਨਾ ਦਸਿਆ ਕਿ ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਅਸਲ ਸਰਟੀਫਿਕੇਟ, ਉਨ੍ਹਾਂ ਦੀਆਂ ਫੋਟੋਕਾਪੀਆਂ ਅਤੇ ਰਜ਼ਿਊਮੇ ਨਾਲ ਲੈ ਕੇ ਮਿਤੀ 21-09-2026 ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ ਡੀ, ਮਿੰਨੀ ਸਕੱਤਰੇਤ, ਨੇੜੇ ਸੇਵਾ ਕੇਂਦਰ, ਪਟਿਆਲਾ ਵਿਖੇ ਪਹੁੰਚ ਕੇ ਇਸ ਕੈਂਪ ਵਿੱਚ ਹਿੱਸਾ ਲੈਣ। ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪਲਾਈਨ ਨੰਬਰ 98776-10877 ਤੇ ਸੰਪਰਕ ਕਰ ਸਕਦੇ ਹਨ। ਇਸ ਪਲੇਸਮੈਂਟ ਕੈਂਪ ਲਈ ਕੋਈ ਟੀ.ਏ./ਡੀ.ਏ. ਮਿਲਣਯੋਗ ਨਹੀਂ ਹੋਵੇਗਾ।

## ਡ੍ਰੋਨ ਰਾਹੀਂ ਨਸ਼ਾ ਤਸਕਰਾਂ 'ਤੇ 'ਬਾਜ਼ ਅੱਖ': ਡਾ. ਬਲਬੀਰ ਸਿੰਘ

### 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਪਿੰਡ-ਪਿੰਡ ਲੋਕਾਂ ਨਾਲ ਸਿੱਧਾ ਸੰਪਰਕ ਕਰਕੇ ਹੋਰ ਮਜ਼ਬੂਤ ਕੀਤਾ ਜਾਵੇਗਾ – ਸਿਹਤ ਮੰਤਰੀ

### ਨਸ਼ਿਆਂ ਵਿਰੁੱਧ ਜੰਗ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ: ਡਾ. ਬਲਬੀਰ ਸਿੰਘ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ, 18 ਸਤੰਬਰ : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸਰਕਾਰੀ ਬਿਕਰਮ ਕਾਲਜ, ਪਟਿਆਲਾ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਸਬੰਧੀ ਕਰਵਾਏ ਸਮਾਗਮ ਦੌਰਾਨ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਲੇਜ ਡਿਫੈਂਸ ਕਮੇਟੀਆਂ ਦੇ ਸਹਿਯੋਗ ਨਾਲ ਇਸ ਮੁਹਿੰਮ ਨੂੰ ਹੋਰ ਮਜ਼ਬੂਤ ਕਰਦਿਆਂ ਹੁਣ ਪਿੰਡ-ਪਿੰਡ ਲੋਕਾਂ ਨਾਲ ਸਿੱਧਾ ਸੰਪਰਕ ਕੀਤਾ ਜਾਵੇਗਾ।

ਸਿਹਤ ਮੰਤਰੀ ਨੇ ਕਿਹਾ ਕਿ ਨਸ਼ਾ ਤਸਕਰੀ ਨੂੰ ਰੋਕਣ ਲਈ ਆਧੁਨਿਕ ਤਕਨੀਕ ਦੀ ਵਰਤੋਂ ਵੀ ਕੀਤੀ ਜਾ ਰਹੀ ਹੈ। ਸਰਹੱਦੀ ਅਤੇ ਸੰਵੇਦਨਸ਼ੀਲ ਖੇਤਰਾਂ ਵਿੱਚ ਡ੍ਰੋਨ ਰਾਹੀਂ ਨਿਗਰਾਨੀ ਰੱਖ ਕੇ ਨਸ਼ਾ ਤਸਕਰੀ ਦੀਆਂ ਗਤੀਵਿਧੀਆਂ 'ਤੇ 'ਬਾਜ਼ ਅੱਖ' ਰੱਖੀ ਜਾ ਰਹੀ ਹੈ।




ਡਾ. ਬਲਬੀਰ ਸਿੰਘ ਨੇ ਕਿਹਾ ਕਿ ਨਸ਼ਾ ਤਸਕਰੀ ਵਿੱਚ ਸ਼ਾਮਲ ਵਿਅਕਤੀਆਂ ਨੂੰ ਕਾਨੂੰਨ ਦੀ ਗ੍ਰਿਫ਼ਤ ਵਿੱਚ ਲਿਆਂਦਾ ਜਾਵੇਗਾ, ਜਦਕਿ ਨਸ਼ੇ ਦੀ ਜਕੜ ਵਿੱਚ ਫਸੇ ਨੌਜਵਾਨਾਂ ਨੂੰ ਇਸ ਤੋਂ ਬਾਹਰ ਕੱਢਣ ਲਈ ਵਿਸ਼ੇਸ਼ ਅਤੇ ਨਿਵੇਕਲੀਆਂ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦਾ ਸੰਕਲਪ ਪੰਜਾਬ ਵਿੱਚੋਂ ਨਸ਼ਿਆਂ ਦੀਆਂ ਜੜ੍ਹਾਂ ਨੂੰ ਖ਼ਤਮ ਕਰਨਾ ਹੈ।

ਉਨ੍ਹਾਂ ਦੱਸਿਆ ਕਿ ਨਸ਼ਾ ਛੱਡਣ ਦੇ ਇੱਛੁਕ ਵਿਅਕਤੀਆਂ ਲਈ ਡੀ-ਐਡਿਕਸ਼ਨ ਸੈਂਟਰਾਂ ਰਾਹੀਂ ਇਲਾਜ ਅਤੇ ਪੁਨਰਵਾਸ ਦੀਆਂ ਸਹੂਲਤਾਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਜੇਲ੍ਹਾਂ ਵਿੱਚ ਬੰਦ ਨਸ਼ਾ-ਨਿਰਭਰ ਵਿਅਕਤੀਆਂ ਲਈ ਵੀ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ, ਤਾਂ ਜੋ ਉਨ੍ਹਾਂ ਨੂੰ ਇਲਾਜ ਅਤੇ ਸਹਾਇਤਾ ਮਿਲ ਸਕੇ।

ਉਨ੍ਹਾਂ ਕਿਹਾ ਕਿ ਪਟਿਆਲਾ ਦਿਹਾਤੀ ਨਾਲ ਸਬੰਧਤ ਮੀਟਿੰਗਾਂ ਅਤੇ ਜ਼ਮੀਨੀ ਪੱਧਰ 'ਤੇ ਕੀਤੇ ਜਾ ਰਹੇ ਯਤਨਾਂ ਦੇ ਨਤੀਜੇ ਹੁਣ ਸਾਹਮਣੇ ਆ ਰਹੇ ਹਨ। ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਅੰਤਿਮ ਪੜਾਅ ਤੱਕ ਲਿਜਾਣ ਲਈ ਪ੍ਰਸ਼ਾਸਨ, ਪੁਲਿਸ, ਸਿਹਤ ਵਿਭਾਗ, ਵਿਲੇਜ ਡਿਫੈਂਸ ਕਮੇਟੀਆਂ ਅਤੇ ਆਮ ਲੋਕਾਂ ਨੂੰ ਇਕਜੁੱਟ ਹੋ ਕੇ ਕੰਮ ਕਰਨ ਦਾ ਸੱਦਾ ਦਿੱਤਾ ਗਿਆ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਸਰਕਾਰ ਦੀ ਨਹੀਂ, ਸਗੋਂ ਸਮੁੱਚੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਲੋਕਾਂ ਦੇ ਸਹਿਯੋਗ ਨਾਲ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੇ ਟੀਚੇ ਵੱਲ ਤੇਜ਼ੀ ਨਾਲ ਅੱਗੇ ਵਧਿਆ ਜਾ ਰਿਹਾ ਹੈ। ਇਸ ਮੌਕੇ ਓਹਨਾ ਦੇ ਨਾਲ ਆਮ ਆਦਮੀ ਪਾਰਟੀ ਦੇ ਸਟੇਜ ਸਕੱਤਰ ਜਗਤਾਰ ਸਿੰਘ ਜੱਗਾ, ਐਸ ਡੀ ਐਮ ਗੁਰਦੇਵ ਸਿੰਘ ਧਮ, ਡੀ ਐਸ ਪੀ, ਸਿਹਤ ਵਿਭਾਗ ਦੇ ਅਧਿਕਾਰੀ, ਕਾਲਜ ਦੇ ਵਿਦਿਆਰਥੀ ਅਤੇ ਵਿਲੇਜ ਡਿਫੈਂਸ ਕਮੇਟੀ ਦੇ ਮੈਂਬਰ ਮੌਜੂਦ ਸਨ।

## ਬਾਬਾ ਫ਼ਰੀਦ ਆਗਮਨ-ਪੁਰਬ ਮੌਕੇ ਸਕੂਲੀ ਬੱਚਿਆਂ ਦੀ ਸ਼ਬਦ ਮੁਕਾਬਲੇ ਕਰਵਾਏ : ਸਿਮਰਜੀਤ ਸਿੰਘ ਸੇਖੋਂ

### ਬਾਬਾ ਫ਼ਰੀਦ ਆਗਮਨ ਪੁਰਬ ਮੌਕੇ ਬੱਚਿਆਂ ਦੇ ਵਿੱਦਿਅਕ ਮੁਕਾਬਲਿਆਂ ਦਾ ਐਲਾਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਫਰੀਦਕੋਟ, 18 ਸਤੰਬਰ : ਬਾਬਾ ਫਰੀਦ ਜੀ ਦੀ ਚਰਨ ਛੋਹ ਪ੍ਰਾਪਤ ਨਗਰੀ ਫਰੀਦਕੋਟ ਵਿਖੇ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਸਕੂਲੀ ਬੱਚਿਆਂ ਦੇ ਸ਼ਬਦ ਮੁਕਾਬਲੇ ਕਰਵਾਏ ਗਏ। ਬਾਬਾ ਫਰੀਦ ਧਾਰਮਿਕ ਤੇ ਵਿੱਦਿਅਕ ਸੰਸਥਾਵਾਂ ਦੇ ਪ੍ਰਧਾਨ ਸ. ਸਿਮਰਜੀਤ ਸਿੰਘ ਸੇਖੋਂ ਜੀ ਦੀ ਰਹਿਨੁਮਾਈ ਹੇਠ ਕਰਵਾਏ ਗਏ ਇਨ੍ਹਾਂ ਮੁਕਾਬਲਿਆਂ ਦੌਰਾਨ ਫ਼ਰੀਦਕੋਟ ਜ਼ਿਲ੍ਹੇ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ। ਉਹਨਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਰੀਆਂ ਟੀਮਾਂ ਦੇ ਵਿਦਿਆਰਥੀਆਂ ਦੀ ਪੇਸ਼ਕਸ਼ ਬਹੁਤ ਹੀ ਮਨਮਹੋਕ ਸੀ, ਨਾਲ ਹੀ ਉਹਨਾਂ ਨੇ ਵਿਦਿਆਰਥੀਆਂ ਦੇ ਸਾਰੇ ਮੁਕਾਬਲਿਆਂ ਦੇ ਨਤੀਜਿਆਂ ਤੇ ਚਾਨਣ ਪਾਉਂਦੇ ਹੋਏ ਦੱਸਿਆਂ ਕਿ ਲੇਖ ਲਿਖਣ ਮੁਕਾਬਲੇ ਵਿੱਚੋਂ ਸੰਤ ਮੋਹਨ ਦਾਸ ਮੈਮੋਰੀਅਲ ਸੀਨੀ. ਸੈਕੰਡਰੀ ਸਕੂਲ, ਕੋਟ-ਸੁਖੀਆ ਦੀ ਨਵਜੋਤ ਕੋਰ ਨੇ ਪਹਿਲਾ ਦਰਜਾ, ਬਾਬਾ ਫ਼ਰੀਦ ਪਬਲਿਕ ਸਕੂਲ ਫਰੀਦਕੋਟ ਦੀ ਮਨਕਰਨਜੋਤ ਕੌਰ ਨੇ ਦੂਜਾ ਦਰਜ਼ਾ, ਸੰਤ ਮੋਹਨ ਦਾਸ ਮੈਮੋਰੀਅਲ ਸੀਨੀ. ਸੈਕੰਡਰੀ ਸਕੂਲ, ਕੋਟ-ਸੁਖੀਆ ਦੀ ਅਨਮੋਲਪ੍ਰੀਤ ਕੋਰ ਨੇ ਤੀਜਾ ਦਰਜਾ ਅਤੇ ਬਾਬਾ ਫ਼ਰੀਦ ਪਬਲਿਕ ਸਕੂਲ ਫਰੀਦਕੋਟ ਦੀ ਹਰਮਨਜੋਤ ਕੋਰ ਨੇ ਕੌਨਸੋਲੇਸ਼ਨ ਇਨਾਮ ਹਾਸਿਲ ਕੀਤਾ ਹੈ। ਇਸੇ ਤਰ੍ਹਾਂ ਪ੍ਰਸ਼ਨੋਤਰੀ ਮੁਕਾਬਲੇ ਵਿੱਚ ਦਸ਼ਮੇਸ਼ ਪਬਲਿਕ ਸਕੂਲ, ਫਰੀਦਕੋਟ ਦੀ ਮਨਵੀਰ ਕੌਰ ਨੇ ਪਹਿਲਾ ਦਰਜਾ, ਸੰਗਤ ਸਾਹਿਬ ਭਾਈ ਫੇਰੂ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੀ ਖੁਸ਼ਪ੍ਰੀਤ ਕੌਰ ਨੇ ਦੂਜਾ ਦਰਜਾ, ਦਸ਼ਮੇਸ਼ ਪਬਲਿਕ ਸਕੂਲ ਫਰੀਦਕੋਟ ਦੀ ਪਰਾਂਜਲ ਨੇ ਤੀਜਾ ਦਰਜਾ ਅਤੇ ਬਾਬਾ ਫਰੀਦ ਪਬਲਿਕ ਸਕੂਲ ਦੀ ਹਰਮਨਦੀਪ ਕੌਰ ਕੌਰ ਅਤੇ ਮਨਦੀਪ ਕੌਰ ਨੇ ਕੌਨਸੋਲੇਸ਼ਨ ਇਨਾਮ ਪ੍ਰਾਪਤ ਕੀਤਾ ਹੈ ਤੇ ਭਾਸ਼ਣ ਮੁਕਾਬਲੇ ਵਿੱਚੋਂ ਦਸ਼ਮੇਸ਼ ਪਬਲਿਕ ਸਕੂਲ, ਕੋਟਕਪੂਰਾ ਦੀ ਨਿਤਨੇਮ ਕੌਰ ਨੇ ਪਹਿਲਾ ਦਰਜਾ ਅਤੇ ਬਾਬਾ ਫਰੀਦ ਪਬਲਿਕ ਸਕੂਲ ਦੇ ਮਨਤੇਗ ਸਿੰਘ ਅਤੇ ਹਰਲੀਨ ਕੌਰ ਨੇ ਦੂਜਾ ਦਰਜਾ ਤੇ ਸੀ. ਐੱਮ.ਸੀ. ਗੁਰੂ ਕਾਂਸ਼ੀ ਪਬਲਿਕ ਸਕੂਲ, ਭਗਤਾ ਭਾਈ ਦੀ ਰਵਨੀਤ ਕੌਰ ਨੇ ਤੀਜਾ ਦਰਜਾ ਅਤੇ ਡਾ. ਮਹਿੰਦਰ ਸਿੰਘ ਸਾਂਭੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਫਰੀਦਕੋਟ ਦੀ ਪ੍ਰਭਜੋਤ ਕੌਰ ਨੇ ਕੌਨਸੋਲੇਸ਼ਨ ਇਨਾਮ ਹਾਸਿਲ ਕੀਤਾ ਹੈ ਅਤੇ ਸ਼ਬਦ ਗਾਇਣ ਮੁਕਾਬਲੇ ਵਿੱਚੋਂ ਦਸਮੇਸ਼ ਪਬਲਿਕ ਸਕੂਲ, ਕੋਟਕਪੂਰਾ ਨੇ ਪਹਿਲਾ ਦਰਜਾ, ਬਾਬਾ ਫਰੀਦ ਪਬਲਿਕ ਸਕੂਲ ਨੇ ਦੂਜਾ ਦਰਜਾ ਅਤੇ ਦਸ਼ਮੇਸ਼ ਪਬਲਿਕ ਸਕੂਲ, ਫਰੀਦਕੋਟ ਨੇ ਤੀਜਾ ਦਰਜਾ ਹਾਸਿਲ ਕੀਤਾ ਹੈ। ਉਹਨਾਂ ਕਿਹਾ ਕਿ ਇਹਨਾਂ ਵਿਦਿਆਰਥੀਆਂ ਨੂੰ 23 ਸਤੰਬਰ ਨੂੰ ਇਨਾਮ ਤਕਸੀਮ ਕੀਤੇ ਜਾਣਗੇ। ਜਿਸ ਵਿੱਚ ਪਹਿਲਾ ਦਰਜਾ 10,000/-, ਦੂਜਾ ਦਰਜਾ 7000/-, ਤੀਜਾ ਦਰਜਾ 5000/-ਅਤੇ ਕੈਨਸੋਲੇਸ਼ਨ 2100/- ਦੀ ਨਕਦ ਰਾਸ਼ੀ ਅਤੇ ਸਰਟੀਫਿਕੇਟ ਨਾਲ ਗੁਰਦੁਆਰਾ ਗੋਦੜੀ ਸਾਹਿਬ ਦੇ ਦੀਵਾਨ ਹਾਲ ਵਿਖੇ ਸੰਗਤਾਂ ਦੀ ਹਾਜ਼ਰੀ ਦੌਰਾਨ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਐੱਸ.ਬੀ.ਐੱਸ. ਕਾਲਜ਼ ਦੇ ਰਿਟਾ. ਐੱਚ.ਓ.ਡੀ. ਅਰੁਣਾ ਰਣਦੇਵ ਜੀ ਅਤੇ ਸਕੂਲ ਆਫ ਐਮੀਨੈਂਸ ਤੋਂ ਮਿਉਜ਼ਿਕ ਦੇ ਅਧਿਆਪਕ ਸ. ਤਰਸੇਮ ਸਿੰਘ ਅਤੇ ਹਰਜੀਤ ਸਿੰਘ ਜੀ ਨੇ ਬਤੌਰ ਜੱਜ ਭੂਮਿਕਾ ਨਿਭਾਈ। ਪ੍ਰਧਾਨ ਸ. ਸਿਮਰਜੀਤ ਸਿੰਘ ਸੇਖੋਂ ਜੀ ਨੇ ਆਏ ਹੋਏ ਜੱਜ ਸਾਹਿਬਾਨਾਂ, ਸਮੂਹ ਵਿਦਿਆਰਥੀਆਂ, ਵਿੱਦਿਅਕ ਅਦਾਰਿਆਂ ਦੇ ਮੁਖੀਆਂ ਦਾ ਧੰਨਵਾਦ ਕਰਦਿਆਂ ਆਪਣਾ ਅਸ਼ੀਰਵਾਦ ਦਿੱਤਾ। ਇਸ ਮੌਕੇ ਕਮੇਟੀ ਮੈਂਬਰਜ਼ ਸ. ਚਰਨਜੀਤ ਸਿੰਘ ਸੇਖੋਂ, ਸ. ਸੁਰਿੰਦਰ ਸਿੰਘ ਰੋਮਾਣਾ, ਡਾ. ਗੁਰਇੰਦਰ ਮੋਹਨ ਸਿੰਘ ਜੀ, ਸ. ਦੀਪਇੰਦਰ ਸਿੰਘ ਸੇਖੋਂ, ਸ. ਕੁਲਜੀਤ ਸਿੰਘ ਮੋਗੀਆਂ, ਸ. ਗੁਰਜਾਪ ਸਿੰਘ ਸੇਖੋਂ ਅਤੇ ਸ. ਨਰਿੰਦਰ ਪਾਲ ਸਿੰਘ ਬਰਾੜ ਵੀ ਹਾਜ਼ਰ ਸਨ।

## ਗ਼ਜ਼ਲ

ਬਟਾਲੇ ਦੀ ਧਰਤੀ ਮਹਿਕੀ, ਨਾਨਕ ਦੇ ਵਿਆਹ ਪੁਰਬ ’ਤੇ,
ਸੰਗਤ ਸਾਰੀ ਨੱਚੀ-ਗਾਈ, ਨਾਨਕ ਦੇ ਵਿਆਹ ਪੁਰਬ ’ਤੇ।

ਚਾਰ ਚੁਫੇਰੇ ਨਾਮ ਦੀ ਖੁਸ਼ਬੂ, ਰੂਹਾਂ ਨੂੰ ਸਰੂਰ ਮਿਲਿਆ,
ਹਰ ਦਿਲ ਅੰਦਰ ਦੀਵਾ ਬਲਿਆ, ਨਾਨਕ ਦੇ ਵਿਆਹ ਪੁਰਬ ’ਤੇ।

ਸੱਚ, ਸੇਵਾ ਤੇ ਨਾਮ ਦਾ ਰਾਹ ਜੋ ਨਾਨਕ ਜੀ ਨੇ ਸਾਨੂੰ ਦਿੱਤਾ,
ਜੀਵਨ ਦਾ ਇਹ ਮੂਲ ਸਮਝਿਆ, ਨਾਨਕ ਦੇ ਵਿਆਹ ਪੁਰਬ ’ਤੇ।

ਮਾਤਾ ਸੁਲੱਖਣੀ ਜੀ ਦੇ ਸੰਗ ਪਾਵਨ ਬੰਧਨ ਜੁੜਿਆ ਸੀ,
ਧੰਨ ਹੋਈ ਬਟਾਲੇ ਦੀ ਧਰਤੀ, ਨਾਨਕ ਦੇ ਵਿਆਹ ਪੁਰਬ ’ਤੇ।

ਊਚ-ਨੀਚ ਦੇ ਭੇਦ ਮਿਟਾ ਕੇ, ਏਕਤਾ ਦਾ ਸੰਦੇਸ਼ ਦਿੱਤਾ,
ਮਨੁੱਖਤਾ ਦਾ ਮਾਣ ਵਧਾਇਆ, ਨਾਨਕ ਦੇ ਵਿਆਹ ਪੁਰਬ ’ਤੇ।

ਕਿਰਤ ਕਰੋ ਤੇ ਵੰਡ ਛਕੋ ਜੀ, ਨਾਮ ਜਪੋ ਹਰ ਸਾਹ ਦੇ ਨਾਲ,
ਗੁਰੂ ਦੀ ਬਾਣੀ ਦਿਲ ਵਿੱਚ ਵਸਾਈ, ਨਾਨਕ ਦੇ ਵਿਆਹ ਪੁਰਬ ’ਤੇ।


ਸਤਿੰਦਰ ਦਿਲੋਂ ਸ਼ੁਕਰ ਮਨਾਵੇ, ਚਰਨਾਂ ਵਿੱਚ ਅਰਦਾਸ ਕਰੇ,
ਸਰਬੱਤ ਦੇ ਭਲੇ ਦੀ ਮੰਗੇ, ਨਾਨਕ ਦੇ ਵਿਆਹ ਪੁਰਬ ’ਤੇ।




ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

## ਮਹਾਪੁਰਸ਼ ਭਾਈ ਲਾਲੋ ਜੀ ਮਹਾਰਾਜ ਜੀ ਦੇ ਜੀਵਨ ਤੇ ਇਕ ਝਾਤ

ਵਰਲਡ ਪੰਜਾਬੀ ਟਾਈਮਜ਼
ਗਿਆਨ ਸਿੰਘ ਬਮਰਾਹ




“ਬਬਾਣੀਆਂ ਕਹਾਣੀਆਂ ਪੱੁਤ ਸਪੁੱਤ ਕਰੇਣਿ” ਦੇ ਮਹਾਂਵਾਕ ਅਨੁਸਾਰ ਸੰਸਾਰ ਵਿਚ ਉਹ ਕੌਮਾਂ ਹੀ ਜਿੰਦਾ ਰਹਿੰਦੀਆਂ ਹਨ ਜਿੰਨ੍ਹਾਂ ਦੇ ਅਨੁਆਈ ਆਪਣੇ ਇਤਹਾਸ ਅਤੇ ਆਪਣੀਆਂ ਵਿਰਾਸਤਾਂ ਦੀ ਸੰਭਾਲ ਕਰਕੇ ਇਸਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਂਦੇ ਹਨ। ਕਿਸੇ ਕੌਮ ਦਾ ਸੱਚਾ ਸੁੱਚਾ ਇਤਿਹਾਸ ਤੇ ਵਿਰਾਸਤਾਂ ਹੀ ਉਸ ਕੌਮ ਦੇ ਬਜੁਰਗਾਂ ਜਾਂ ਵਡੇਰਿਆਂ ਦੇ ਕੀਤੇ ਕੰਮਾਂ ਦਾ ਵੇਰਵਾ ਦਿੰਦੇ ਹਨ ਜੋ ਅਗਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਬਣਦੇ ਹਨ।

ਮਹਾਪੁਰਸ਼ ਭਾਈ ਲਾਲੋ ਜੀ ਮਹਾਰਾਜ ਜੀ ਦੇ ਜੀਵਨ ਤੇ ਵਿਚਾਰ ਕਰਦਿਆਂ ਇਹ ਗੱਲ ਸਪਸ਼ਟ ਤੌਰ ਤੇ ਸਾਹਮਣੇ ਆਉਂਦੀ ਹੈ ਕਿ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ, ਮਨੁਖਤਾ ਨੂੰ ਇਸ ਸੰਸਾਰ ਤੇ ਆਉਣ ਤੇ ੰਿਜੰਦਗੀ ਜਿਉਣ ਦਾ ਜੋ ਸੰਦੇਸ਼ ਦੇਣਾ ਚਾਹੁੰਦੇ ਸਨ ਜਿਵੇਂ ਕਿ ਵਾਹਿਗੁਰੂ ਦਾ ਨਾਮ ਜਪਣਾ, ਸੱਚੀ-ਸੁੱਚੀ ਕਿਰਤ ਕਮਾਈ ਕਰਨੀ ਅਤੇ ਵੰਡ ਛੱਕਣਾ ਆਦਿ, ਇਸ ਬਾਰੇ ਉਹ ਸਭ ਤੋਂ ਪਹਿਲਾਂ ਇਸਦੀ ਵਿਚਾਰ ਕਿਸੇ ਐਸੇ ਵਿਅਕਤੀ ਨਾਲ ਕਰਨੀ ਚਾਹੁੰਦੇ ਸਨ ਜੋ ਪਹਿਲਾਂ ਹੀ ਇਸਤਰਾਂ ਦਾ ਜੀਵਨ ਜਿਉ ਰਿਹਾ ਹੋਵੇ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਅੰਤਰਧਿਆਨ ਹੋਏ ਤਾਂ ਉਹਨਾਂ ਨੇ ਭਾਈ ਲਾਲੋ ਜੀ ਨੂੰ ਆਪਣੇ ਵਿਚਾਰਾਂ ਮੁਤਾਬਕ ਪਾਇਆ ਤਾਂ ਉਹਨਾਂ ਨੇ ਇਸ ਨੇਕ ਕਮਾਈ ਕਰਨ ਵਾਲੇ ਇਨਸਾਨ ਨੂੰ ਮਿਲ ਕੇ ਆਪਣੇ ਫਲਸਫੇ ਤੋਂ ਜਾਣੂ ਕਰਾਇਆ ਅਤੇ ਇਸਦਾ ਪ੍ਰਚਾਰ ਸਾਰੇ ਸੰਸਾਰ ਨੂੰ ਕਰਨ ਦਾ ਵਿਚਾਰ ਵੀ ਦੱਸਿਆ ਤਾ ਕਿ ਬਾਕੀ ਸੰਸਾਰ ਨੂੰ ਭਰਮ-ਭੁਲੇਖੇ, ਝੂਠ ਤੇ ਜੋਰ ਜੁਲਮ ਦੀ ਦੁਨੀਆਂ ਤੋਂ ਮੋੜ ਕੇ ਵਾਹਿਗੁਰੂ ਦੀ ਯਾਦ, ਸੱਚ, ਪਿਆਰ ਤੇਨੇਕ ਕਮਾਈ ਵੱਲ ਲਾਇਆ ਜਾਵੇ। ਆਪਣੇ ਇਸ ਮਿਸ਼ਨ ਦੀ ਸ਼ੁਰੂਆਤ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਭ ਤੋਂ ਪਹਿਲਾਂ ਭਾਈ ਲਾਲੋ ਜੀ ਪਾਸ ਗਏ ਸਨ। ਭਾਈ ਲਾਲੋ ਜੀ ਗੁਰੂ ਜੀ ਤੋਂ ਉਮਰ ਵਿਚ ਤਕਰੀਬਨ 17 ਕੁ ਸਾਲ ਵੱਡੇ ਸਨ।ਇਤਹਾਸ ਮੁਤਾਬਕ ਭਾਈ ਲਾਲੋ ਜੀ ਦਾ ਜਨਮ ਮੰਗਲਵਾਰ 11 ਅੱਸੂ, ਸੰਮਤ 1509, ਈਸਵੀ ਸੰਨ 1452 ਨੂੰ ਜਿਲ੍ਹਾ ਗੁਜਰਾਂਵਾਲਾ (ਪਾਕਿਸਤਾਨ), ਏਮਨਾਬਾਦ (ਜਿਸਨੂੰ ਉਸ ਵੇਲੇ ਸੈਦਪੁਰ ਆਖਦੇ ਸਨ) ਵਿਖੇ ਮਾਤਾ ਬੀਬੀ ਖੇਮੋਂ ਦੀ ਕੁੱਖੋਂ ਪਿਤਾ ਭਾਈ ਜਗਤ ਰਾਮ ਘਟਾਉੜੇ ਦੇ ਘਰ ਹੋਇਆ। ਆਪਜੀ ਸ਼ੁਰੂ ਤੋਂ ਹੀ ਸਾਧੂ ਸੁਭਾ ਤੇ ਰਹਿਮ ਦਿਲ ਵਾਲੇ ਸਨ । ਹਰਇਕ ਦੇ ਕੰਮ ਆਉਣ ਵਾਲੇ ਤੇ ਪਰਮਾਤਮਾਂ ਨੂੰ ਹਰ ਵੇਲੇ ਯਾਦ ਰਖਦੇ ਸਨ। ਆਪਜੀ ਲਕੜੀ ਦੇ ਕੰਮ ਦੇ ਮਾਹਿਰ ਸਨ ਅਤੇ ਹਕੀਮੀ ਦਾ ਵੀ ਸ਼ੌਂਕ ਸੀ ।ਆਪਣੇ ਲਕੜੀ ਦੇ ਕੰਮ ਤੋਂ ਜੋ ਕਮਾਈ ਹੁੰਦੀ ਸੀ ਉਸ ਨਾਲ ਲੋਕਾਂ ਦਾ ਦਵਾ-ਦਾਰੂ ਮੁਫਤ ਕਰਦੇ ਸਨ। ਇਸਤਰਾਂ ਮਨੁਖਤਾ ਦੀ ਸੇਵਾ ਕਰਨਾ ਆਪਦਾ ਨਿਯਮ ਬਣਿਆ ਹੋਇਆ ਸੀ।ਇਸਦੇ ਨਾਲ ਹੀ ਆਪਣੇ ਘਰ ਦੇ ਵਿਹੜੇ ਵਿਚ ਇਕ ਖੂਹੀ ਵੀ ਬਨਵਾਈ ਹੋਈ ਸੀ ਜਿਸਦੇ ਠੰਡੇ ਮਿਠੇ ਪਾਣੀ ਨਾਲ ਹਰ ਆਏ ਗਏ ਦੀ ਪਿਆਸ ਵੀ ਬੁਝਾਂਦੇ ਸਨ।ਕਹਿੰਦੇ ਹਨ ਕਿ ਅਜ ਵੀ ਇਸ ਖੂਹੀ ਦਾ ਜਲ ਇਕ ਅਕਸੀਰ ਦੀ ਤਰਾਂ ਹੈ ਜੋ ਵੀ ਰੋਗੀ ਇਸਦੇ ਜਲ ਨੂੰ ਛਕਦਾ ਹੈ ਜਾਂ ਇਸ ਨਾਲ ਅਸ਼ਨਾਨ ਕਰਦਾ ਹੈ ਉਸਦੇ ਕਈ ਰੋਗ ਕੱਟੇ ਜਾਂਦੇ ਹਨ। ਇਸਤਰਾਂ ਆਪਜੀ ਆਪਣੇ ਇਲਾਕੇ ਵਿਚ ਬਹੁਤ ਹਰਮਨ ਪਿਆਰੇ ਸਨ ਅਤੇ ਹਰ ਕੋਈ ਆਪਜੀ ਦੀ ਉਸਤਤ ਕਰਦਾ ਸੀ।

## ਮੋਗਾ ਦੇ ਆਕਾਸ਼ ਵਿੱਚ ਰੌਸ਼ਨ ਹੋਇਆ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਮਹਾਨ ਫਲਸਫਾ

### ਡਰੋਨ ਸ਼ੋਅ ਰਾਹੀਂ ਬਰਾਬਰੀ, ਸਾਂਝੀਵਾਲਤਾ ਤੇ ਮਨੁੱਖਤਾ ਦਾ ਸੰਦੇਸ਼ ਕੀਤਾ ਗਿਆ ਪ੍ਰਦਰਸ਼ਿਤ

### ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਸਮੇਤ ਵੱਡੀ ਗਿਣਤੀ ਵਿੱਚ ਸੰਗਤ ਨੇ ਕੀਤੀ ਸ਼ਿਰਕਤ

ਵਰਲਡ ਪੰਜਾਬੀ ਟਾਈਮਜ਼




ਮੋਗਾ, 18 ਸਤੰਬਰ : ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਵਿਸ਼ੇਸ਼ ਸਮਾਗਮਾਂ ਦੀ ਲੜੀ ਤਹਿਤ ਸਰਕਾਰੀ ਆਈ.ਟੀ.ਆਈ., ਮੋਗਾ ਵਿਖੇ ਕਰਵਾਇਆ ਗਿਆ ਡਰੋਨ ਸ਼ੋਅ ਸੰਗਤ ਲਈ ਖਿੱਚ ਦਾ ਕੇਂਦਰ ਬਣਿਆ। ਰਾਤ ਵੇਲੇ ਆਕਾਸ਼ ਵਿੱਚ ਸੈਂਕੜੇ ਰੌਸ਼ਨ ਡਰੋਨਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਬਾਣੀ ਅਤੇ ਮਹਾਨ ਵਿਚਾਰਧਾਰਾ ਦੀ ਮਨਮੋਹਕ ਪੇਸ਼ਕਾਰੀ ਕੀਤੀ ਗਈ।

ਡਰੋਨ ਸ਼ੋਅ ਦੌਰਾਨ ਆਕਾਸ਼ ਵਿੱਚ ਉਭਰੀਆਂ ਰੌਸ਼ਨ ਆਕ੍ਰਿਤੀਆਂ ਰਾਹੀਂ ਗੁਰੂ ਜੀ ਦੇ ਬਰਾਬਰੀ, ਸਾਂਝੀਵਾਲਤਾ, ਭਾਈਚਾਰੇ, ਦਇਆ ਅਤੇ ਮਨੁੱਖੀ ਸਨਮਾਨ ਦੇ ਸੰਦੇਸ਼ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਗਿਆ। ਆਧੁਨਿਕ ਤਕਨਾਲੋਜੀ ਨਾਲ ਗੁਰੂ ਜੀ ਦੀ ਵਿਚਾਰਧਾਰਾ ਨੂੰ ਪੇਸ਼ ਕਰਨ ਦੇ ਇਸ ਉਪਰਾਲੇ ਨੇ ਵਿਸ਼ੇਸ਼ ਤੌਰ ’ਤੇ ਨੌਜਵਾਨਾਂ ਦਾ ਧਿਆਨ ਖਿੱਚਿਆ।

ਇਸ ਮੌਕੇ ਢਾਡੀ ਜੱਥੇ ਵੱਲੋਂ ਢਾਡੀ ਵਾਰਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਸਿੱਖਿਆਵਾਂ ਅਤੇ ਬਰਾਬਰੀ ਤੇ ਭਾਈਚਾਰੇ ਦੇ ਸੰਦੇਸ਼ ਨੂੰ ਵੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ। ਢਾਡੀ ਵਾਰਾਂ ਦੀ ਗੂੰਜ ਅਤੇ ਆਕਾਸ਼ ਵਿੱਚ ਚਮਕਦੀਆਂ ਰੌਸ਼ਨ ਆਕ੍ਰਿਤੀਆਂ ਨੇ ਸਮਾਗਮ ਨੂੰ ਰੂਹਾਨੀ ਮਾਹੌਲ ਪ੍ਰਦਾਨ ਕੀਤਾ।

ਇਸ ਮੌਕੇ ਹਲਕਾ ਮੋਗਾ ਦੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਮੇਅਰ ਵਿਨੈਪਾਲ ਕੌਰ, ਐਸ ਐਸ ਪੀ ਸਰਤਾਜ ਸਿੰਘ ਚਾਹਲ, ਵਧੀਕ ਡਿਪਟੀ ਕਮਿਸ਼ਨਰ ਜਸਪਿੰਦਰ ਸਿੰਘ, ਐਸ ਡੀ ਐਮ ਸਤਵਿੰਦਰਪਾਲ ਰਣੀਕੇ ਤੇ ਵੱਖ-ਵੱਖ ਆਗੂ, ਧਾਰਮਿਕ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਸਨ। ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਸਮੁੱਚੀ ਮਨੁੱਖਤਾ ਨੂੰ ਬਰਾਬਰੀ, ਭਾਈਚਾਰੇ ਅਤੇ ਆਪਸੀ ਸਤਿਕਾਰ ਦਾ ਸੰਦੇਸ਼ ਦਿੰਦੀ ਹੈ। ਉਨ੍ਹਾਂ ਕਿਹਾ ਕਿ ਡਰੋਨ ਸ਼ੋਅ ਵਰਗੇ ਨਿਵੇਕਲੇ ਉਪਰਾਲਿਆਂ ਰਾਹੀਂ ਗੁਰੂ ਜੀ ਦੀ ਮਹਾਨ ਵਿਚਾਰਧਾਰਾ ਨੂੰ ਆਧੁਨਿਕ ਤਕਨਾਲੋਜੀ ਦੇ ਮਾਧਿਅਮ ਨਾਲ ਨਵੀਂ ਪੀੜ੍ਹੀ ਤੱਕ ਪਹੁੰਚਾਇਆ ਜਾ ਰਿਹਾ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਸਾਗਰ ਸੇਤੀਆ ਨੇ ਗੱਲਬਾਤ ਕਰਦਿਆਂ ਕਿਹਾ ਕਿ ਗੁਰੂ ਜੀ ਦਾ ਜੀਵਨ ਅਤੇ ਬਾਣੀ ਸਮੁੱਚੀ ਮਨੁੱਖਤਾ ਨੂੰ ਬਰਾਬਰੀ, ਸਾਂਝੀਵਾਲਤਾ ਅਤੇ ਮਨੁੱਖੀ ਸਨਮਾਨ ਨਾਲ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੰਗਤ ਦੀ ਸਹੂਲਤ, ਸੁਰੱਖਿਆ ਅਤੇ ਟ੍ਰੈਫਿਕ ਪ੍ਰਬੰਧਾਂ ਨੂੰ ਧਿਆਨ ਵਿੱਚ ਰੱਖਦਿਆਂ ਸਮਾਗਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਢੁਕਵੇਂ ਪ੍ਰਬੰਧ ਕੀਤੇ ਗਏ। ਸਰਕਾਰੀ ਆਈ.ਟੀ.ਆਈ. ਵਿਖੇ ਵੱਡੀ ਗਿਣਤੀ ਵਿੱਚ ਪਹੁੰਚੀ ਸੰਗਤ ਨੇ ਆਕਾਸ਼ ਵਿੱਚ ਉਭਰਦੇ ਰੌਸ਼ਨ ਦ੍ਰਿਸ਼ਾਂ ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਨਿਹਾਰਿਆ। ਸਮਾਗਮ ਦੌਰਾਨ ਸੰਗਤ ਦੀ ਸਹੂਲਤ ਲਈ ਸੁਰੱਖਿਆ ਅਤੇ ਟ੍ਰੈਫਿਕ ਦੇ ਵੀ ਪੁਖਤਾ ਪ੍ਰਬੰਧ ਕੀਤੇ ਗਏ।

ਜ਼ਿਕਰਯੋਗ ਹੈ ਕਿ ਇਸ ਲੜੀ ਤਹਿਤ 18 ਸਤੰਬਰ ਨੂੰ ਦਾਣਾ ਮੰਡੀ ਧਰਮਕੋਟ ਵਿਖੇ ਵੀ ਵਿਸ਼ੇਸ਼ ਡਰੋਨ ਸ਼ੋਅ ਕਰਵਾਇਆ ਜਾਵੇਗਾ।

## ਸੂਰਜ ਨਾਲ ਖੇਡਦਿਆਂ



ਸੂਰਜ ਨਾਲ ਖੇਡਦਿਆਂ
ਧਰਤੀ ਜਿੱਡਾ ਜੇਰਾ,
ਅੰਬਰ ਜਿਹੀ ਵਿਸ਼ਾਲ ਬੁੱਕਲ,
ਤੇ ਸਮੁੰਦਰ ਜਿੰਨਾ
ਡੂੰਘਾ ਦਿਲ ਚਾਹੀਦੈ ।

ਐਵੇਂ ਨਹੀਂ ਬਣਦਾ
ਇਹ ਗਗਨ ਥਾਲ ਜਿਹਾ ।
ਨਹੀਂ ਬਣਦੇ ਸੂਰਜ ਤੇ ਚੰਦਰਮਾ,
ਨਿੱਕੜੇ ਨਿੱਕੜੇ ਦੀਵੜੇ ।
ਤਾਰਾ ਮੰਡਲ ਨਿਹਾਰਨਾ ਇੱਕੋ ਨਜ਼ਰ,
ਤੇ ਆਖਣਾ ਮੋਤੀਆਂ ਦਾ ਥਾਲ ।
ਸਾਰੀ ਕਾਇਨਾਤ ਦੇ ਫੁੱਲ ਪਤਰਾਲ।
ਜੜੀਆਂ ਬੂਟੀਆਂ,
ਮਹਿਕਦੀਆਂ ਪੌਣਾਂ ਨੂੰ
ਚੌਰ ਵਿੱਚ ਬਦਲਣਾ ।
ਏਨਾ ਸਹਿਲ ਨਹੀਂ ਹੁੰਦਾ ਜਨਾਬ ।

ਖ਼ੁਦ ਨੂੰ ਖ਼ੁਦੀ ਦੇ ਪੁੜਾਂ ਹੇਠੋਂ ਕੱਢਣਾ,
ਤੇ ਕੁਲਪਾਲ ਨਹੀਂ ਲੋਕਪਾਲ ਬਣਨਾ ।
ਆਪਣਾ ਮਿੱਟੀ ਆਪ ਪੁੱਟਣ,
ਕੁੱਟਣ, ਗੁੰਨ੍ਹਣ ਤੇ
ਮੁੜ ਉੱਸਰਨ ਦੇ ਬਰਾਬਰ ਹੁੰਦਾ ਹੈ
ਨਿੱਤ ਨੇਮ ।
ਸੂਰਜ ਨਾਲ ਖੇਡਣ ਲਈ,
ਉਸ ਦਾ ਹਾਣੀ ਬਣਨਾ ਪੈਂਦਾ ਹੈ ।
ਜੋਟੀਦਾਰ, ਬਾਲ ਸਖਾ ਯਾਰ।
ਐਵੇਂ ਨਹੀਂ ਪੈਂਦੀ ਅੱਖ ਵਿੱਚ ਅੱਖ।
ਹੱਥਾਂ ਦੀ ਕਰਿੰਘੜੀ ਤੇ
ਪਕੜ ਪੀਡੀ ਕਰਨੀ ਪੈਂਦੀ ਹੈ ।
ਨਿਰੰਤਰ ਨਿਭਣ ਲਈ ।
ਸਵਾਹ ਹੋਣ ਲਈ ਹਰ ਪਲ,
ਤਿਆਰ ਬਰ ਤਿਆਰ ਰਹਿਣਾ ਪੈਂਦੈ ।
ਸਿਰ ਧਰ ਤਲੀ
ਗਲੀ ਮੇਰੀ ਆਉ ਦਾ ਸਬਕ,
ਸਿਰਫ਼
ਕੀਰਤਨੀਆਂ ਲਈ ਹੀ ਨਹੀਂ,
ਖ਼ੁਦ ਆਂਦਰਾਂ ਨਾਲ,
ਨੱਥਣਾ ਪੈਂਦਾ ਹੈ ਇਹ ਸੰਦੇਸ਼ ।

ਸੂਰਜ ਦਾ ਗੋਲ਼ਾ
ਗੇਂਦ ਬਣਾ ਕੇ ਖੇਡਣ ਲਈ
ਖ਼ੁਦ ਨੂੰ
ਗ਼ੈਰਹਾਜ਼ਰ ਕਰਨਾ ਪੈਂਦਾ ਹੈ ।

ਨਿੱਕੀਆਂ ਨਿੱਕੀਆਂ ਖੇਡਾਂ ਖੇਡਦਿਆਂ,
ਭੁੱਲ ਹੀ ਗਏ ਹਾਂ
ਵੱਡੀਆਂ ਖੇਡਾਂ ।
ਸਭ ਧਰਤੀ ਕਾਗਦ ਬਣਾ ਕੇ,
ਪੂਰੇ ਸਮੁੰਦਰ ਦੀ ਸਿਆਹੀ ਘੋਲ,
ਸਗਲ ਬਨਸਪਤੀ ਦੀਆਂ
ਕਲਮਾਂ ਨਾਲ,
ਇਬਾਰਤ ਲਿਖਣ ਵਰਗਾ
ਬਹੁਤ ਕੁਝ ।
ਵਿੱਸਰ ਗਿਆ ਹੈ
ਸੁਖ ਰਹਿਣੇ ਚੰਮਾਂ ਨੂੰ ਅਸਲ ਕੰਮ।
ਗਊ ਗਰੀਬ ਦੀ ਰਾਖ਼ੀ ਕਰਦਿਆਂ ਆਪ ਨਹੀਂ ਭੇੜੀਏ ਬਣਨਾ ।
ਨਾ ਬਸਤਰ ਦੇ ਜੰਗਲਾਂ ਵਿੱਚ
ਸ਼ਿਕਾਰ ਖੇਡਣਾ ਹੈ ।
ਬਿਰਖ਼ਾਂ ਦੀ ਵੇਦਨ ਸੁਣਨਾ ਹੈ ।

ਤਨ
ਤਪਦੀ ਲੋਹ ਤੇ ਧਰਦਿਆਂ
ਤੇਰਾ ਕੀਆ ਮੀਠਾ ਲਾਗੇ ਦੀ
ਸਿਖ਼ਰਲੀ ਟੀਸੀ ਤੇ ਚੜ੍ਹਨਾ ਪੈਂਦੈ ।
ਐਵੇਂ ਨਹੀਂ ਤਪਦੀ
ਰੇਤ ਤਪੱਸਿਆ ਬਣਦੀ ।
ਸੂਰਜ ਨਾਲ ਖੇਡਦਿਆਂ
ਤਨ ਤੰਦੂਰ ਤਪਾਉਣਾ ਪੈਂਦਾ ਹੈ
ਹੱਡਾਂ ਦੇ ਬਾਲਣ ਨਾਲ
ਐਵੇਂ ਨਹੀਂ ਨਸੀਬ ਹੁੰਦੀ
ਲਾਲਨ ਦੀ ਲਾਲੀ ।
ਸ਼ਬਦ-ਸਾਧਨਾ ਮਗਰੋਂ ਹੀ
ਬਣਦੇ ਨੇ ਸੂਰਜਵੰਸ਼ੀ ।
ਸਿਰਫ਼ ਜਨਮਜ਼ਾਤੀਏ
ਕੇਵਲ ਖਿੰਘਰ ਵੱਟੇ
ਨਿਰੀ ਰਹਿੰਦ ਖੂੰਹਦ
ਕੂੜਾ ਕਰਕਟ,
ਭਰਮ ਭਾਂਡਾ ਸਾਂਭਦੇ
ਬਿਤਾ ਲੈਂਦੇ ਹਨ ਪੂਰੀ ਅਉਧ।

ਧਰਤੀ ਤੇ ਲਕੀਰਾਂ ਵਾਹੁੰਦੇ
ਵਤਨ ਵਤਨ ਖੇਡਦੇ
ਰਾਖੇ ਹੋਣ ਦੇ ਭਰਮ ’ਚ,
ਖ਼ੁਦ ਲੁਕਦੇ ਫਿਰਦੇ
ਸ਼ਾਹ ਦੌਲੇ ਦੇ ਚੂਹੇ ।
ਸੱਤਾ ਵਾਨ ਬਣਦੇ
ਸਿੱਖਿਆ ਸ਼ਾਸਤਰੀ ਬੌਣੇ ।

ਕੀ ਜਾਨਣ
ਉਡਣ ਪੰਖੇਰੂਆਂ ਦੀ ਉਡਾਣ
ਸਾਨੂੰ ਦਿਨ ਰਾਤ ਸਿਖਾਉਂਦੇ ਹਨ
ਰੀਂਘਣ ਦੀ ਤਕਨੀਕ ।
ਅਠਾਰਵੀਂ ਸਦੀ ਵੱਲ
ਮੂੰਹ ਕਰਵਾਉਂਦੇ ਹਨ
ਚਾਬਕ ਧਾਰੀਏ ।

ਹੁਣ ਕੁੱਲ ਬ੍ਰਹਿਮੰਡ
ਆਪਣਾ ਆਪਣਾ ਲੱਗਦਾ ਹੈ ।
ਸਰਬੱਤ ਦਾ ਭਲਾ
ਸਿਰਫ਼ ਅਰਦਾਸ ਵੇਲੇ ਹੀ ਨਹੀਂ
ਦਮ ਦਮ ਨਾਲ ਤੁਰਦਾ ਹੈ,
ਸੂਰਜ ਨਾਲ ਖੇਡਦਿਆਂ ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ